## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ-ਕਮ-ਮੈਂਬਰ ਸਕੱਤਰ, ਪਿਕਟਸ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਚੌਥੀ ਮੰਜਿਲ, ਫੇਸ 8, ਸਅਸ ਨਗਰ (ਫੋਨ:0172-5212311)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਪੱਤਰ ਨੰ. **2/5-ICT-2021/e190589/200788**
ਮਿਤੀ 25.06.2021

**ਵਿਸ਼ਾ:** **"International Day against Drug Abuse and Illicit Trafficking" ਸਬੰਧੀ ਮਿਤੀ 26.06.2021 ਨੂੰ ਸਮਾਂ ਸਵੇਰੇ 11.30 ਵਜੇ ਮਾਣਯੋਗ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਵਿਡੀਓ ਕਾਨਫਰੰਸਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਹਿਤ ਦੱਸਿਆ ਜਾਂਦਾ ਹੈ ਕਿ ਮਾਣਯੋਗ ਮੁੱਖ ਮੰਤਰੀ, ਪੰਜਾਬ ਦੁਆਰਾ ਮਿਤੀ 26.06.2021 ਨੂੰ ਸਵੇਰੇ 11.30 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਰਾਜ ਦੀਆਂ ਵੱਖ-ਵੱਖ 4000 ਲੋਕੇਸ਼ਨਾਂ (ਸਕੂਲਾਂ ਦੀ ਸੂਚੀ ਨਾਲ ਨੱਥੀ) ਤੇ ਪੰਜਾਬ ਰਾਜ ਦੇ ਸਮੂਹ ਨੋਜਵਾਨਾਂ ਨਾਲ ਰੂਬਰੂ ਹੋਣਗੇ ਅਤੇ **"Drug Abuse and Illicit Trafficking"** ਸਬੰਧੀ ਆਪਣਾ ਸੰਦੇਸ਼ ਨੋਜਵਾਨਾਂ ਨਾਲ ਸਾਂਝਾ ਕਰਨਗੇ।

2.0 ਇਸ ਪ੍ਰੋਗਰਾਮ ਸਬੰਧੀ ਮਿਤੀ 25.06.2021 ਨੂੰ Anti Drug Compaign ਤਹਿਤ 'ਡਰਾਈ ਰਨ' ਕੀਤਾ ਜਾਣਾ ਹੈ। ਸੋ ਉਕਤ ਪ੍ਰੋਗਰਾਮ ਦੇ ਤਹਿਤ ਆਪ ਜੀ ਨੂੰ ਬੇਨਤੀ ਹੈ ਕਿ ਮਿਤੀ 25.06.2021 ਨੂੰ ਇਨ੍ਹਾਂ 4000 ਥਾਵਾਂ ਤੇ ਕੰਪਿਊਟਰ ਫੈਕਲਟੀਜ਼ ਦੀ ਹਾਜਰੀ ਯਕੀਨੀ ਬਣਾਈ ਜਾਵੇ। ਇੰਟਰਨੈੱਟ/ਬ੍ਰਾਡਬੈਂਡ ਸਹੂਲਤ ਸੁਚਾਰੂ ਰੂਪ ਵਿੱਚ ਚਾਲੂ ਰੱਖਣ ਲਈ ਸਬੰਧਤ ਸਕੂਲਾਂ ਦੇ ਕੰਪਿਊਟਰ ਫੈਕਲਟੀਜ਼ ਨੂੰ ਹਦਾਇਤ ਕਰ ਦਿੱਤੀ ਜਾਵੇ। ਜੇਕਰ ਇੰਟਰਨੈੱਟ ਵਿੱਚ ਕੋਈ ਖਰਾਬੀ ਆ ਰਹੀ ਹੈ ਤਾਂ ਉਸ ਨੂੰ ਸਮੇਂ ਸਿਰ ਠੀਕ ਕਰਵਾ ਲਿਆ ਜਾਵੇ।

3.0 **Covid-19 ਮਹਾਮਾਰੀ ਦੇ ਮੱਦੇਨਜਰ ਵਿਦਿਆਰਥੀ ਇਸ ਸਮੇਂ ਸਕੂਲਾਂ ਵਿੱਚ ਨਹੀਂ ਆ ਰਹੇ ਹਨ, ਸੋ ਇਸ ਪ੍ਰੋਗਰਾਮ ਲਈ ਕਿਸੇ ਵਿਦਿਆਰਥੀ ਨੂੰ ਸਕੂਲ ਵਿੱਚ ਨਾ ਬੁਲਾਇਆ ਜਾਵੇ। ਅਧਿਆਪਕ ਸਾਹਿਬਾਨ ਇਸ ਪ੍ਰੋਗਰਾਮ ਲਈ ਸਕੂਲ ਆਪਣੀ ਹਾਜਰੀ ਯਕੀਨੀ ਬਣਾਉਣਗੇ।**

4.0 ਉਕਤ ਸਬੰਧੀ ਆਪ ਜੀ ਨੂੰ ਬੇਨਤੀ ਹੈ ਕਿ ਮਿਤੀ 25.06.2021 ਅਤੇ ਮਿਤੀ 26.06.2021 ਨੂੰ ਹੋਣ ਵਾਲੇ ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਉਕਤ ਅਨੁਸਾਰ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸਿੱ.ਸੈ)**
**-ਕਮ-ਮੈਂਬਰ ਸਕੱਤਰ, ਪਿਕਟਸ, ਪੰਜਾਬ।**

**ਪਿੰਠ.ਅੰ.ਨੰ. ਉਕਤ** **ਮਿਤੀ**

**ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:**

1.0 ਸਬੰਧਤ ਸਕੂਲ ਮੁਖੀ।

2.0 ਸਰਕਲ ਪ੍ਰੋਜੈਕਟ ਕੁਆਰਡੀਨੇਟਰਜ਼ (ਆਈ.ਸੀ.ਟੀ.)।

**ਡਾਇਰੈਕਟਰ ਸਿੱਖਿਆ ਵਿਭਾਗ (ਸਿੱ.ਸੈ)**
**-ਕਮ-ਮੈਂਬਰ ਸਕੱਤਰ, ਪਿਕਟਸ, ਪੰਜਾਬ।**